# ਤੁੜਵਾਈ ਅਤੇ ਅਰੋਗਤਾ ਨਿਯਮਾਂ ਬਾਰੇ ਤੱਥ ਸ਼ੀਟ



ਤੁੜਵਾਈ ਉਹ ਪਹਿਲਾ ਸਮਾਂ ਹੁੰਦਾ ਹੈ ਜਦੋਂ ਲੋਕਾਂ ਦਾ ਬੇਰੀਆਂ ਨਾਲ ਬਹੁਤ ਸਾਰਾ ਸੰਪਰਕ ਹੁੰਦਾ ਹੈ। ਇਸ ਸੰਪਰਕ ਨਾਲ ਪ੍ਰਦੂਸ਼ਣ ਦਾ ਖਤਰਾ ਹੁੰਦਾ ਹੈ, ਅਤੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਵਾਸਤੇ ਜ਼ਰੂਰ ਕਦਮ ਚੁੱਕਣੇ ਚਾਹੀਦੇ ਹਨ। ਭਾਵੇਂ ਹੱਥ ਨਾਲ ਤੋੜੀ ਜਾਂ ਮਸ਼ੀਨ ਨਾਲ ਤੁੜਵਾਈ ਹੋਈ ਹੋਵੇ, ਸਾਰੇ ਤਲ ਜਿਹੜੇ ਬੇਰੀਆਂ ਨਾਲ ਸੰਪਰਕ 'ਚ ਆਉਂਦੇ ਹਨ ਜ਼ਰੂਰ ਚੰਗੀ ਤਰ੍ਹਾਂ ਸਾਫ ਕੀਤੇ ਹੋਣੇ ਚਾਹੀਦੇ ਹਨ ਅਤੇ ਵਰਕਰ ਜਿਹੜੇ ਬੇਰੀਆਂ ਪਕੜਦੇ ਸਾਂਭਦੇ ਹਨ, ਉਨ੍ਹਾਂ ਨੂੰ ਜ਼ਰੂਰ ਸਰੀਰਕ ਆਰੋਗਤਾ ਦੇ ਢੰਗ ਤਰੀਕੇ ਅਪਨਾਉਂਣੇ ਚਾਹੀਦੇ ਹਨ।

## ਬੇਰੀ ਨਾਲ ਸੰਪਰਕ 'ਚ ਆਉਂਣ ਵਾਲੇ ਤਲਾਂ ਨੂੰ ਸਾਫ ਕਰਨਾਂ

ਬੇਰੀ ਨਾਲ ਸੰਪਰਕ ਵਾਲੇ ਸਾਰੇ ਤਲ ਵਰਤਣ ਤੋਂ ਪਹਿਲਾਂ ਸਾਫ ਕੀਤੇ ਜਾਣੇ ਚਾਹੀਦੇ ਹਨ ਅਤੇ ਜਿਵੇਂ ਲੋੜ ਪਵੇ ਤੁੜਵਾਈ ਦੇ ਸੀਜ਼ਨ ਦੌਰਾਨ ਵੀ ਸਾਫ ਕੀਤੇ ਜਾਣ। ਇੰਨ੍ਹਾਂ 'ਚ ਸ਼ਾਮਲ ਹਨ ਤੁੜਵਾਈ ਵਾਲੀਆਂ ਮਸ਼ੀਨਾਂ, ਫਲੈਟ ਅਤੇ ਕੰਟੇਨਰ। ਸਾਜ਼ ਸਾਮਾਨ ਅਤੇ ਕੰਟੇਨਰਾਂ ਨੂੰ ਸਾਫ ਕਰਨ ਲਈ ਸਾਫ, ਟੈਸਟ ਕੀਤਾ ਪਾਣੀ ਜਾਂ ਮਿਉਂਸਿਪਲ ਸਪਲਾਈ ਵਾਲਾ ਪਾਣੀ ਵਰਤੋ। ਲੇਬਲ 'ਤੇ ਦਿੱਤੀਆਂ ਹਿਦਾਇਤਾਂ ਮੁਤਾਬਿਕ ਸਫਾਈ ਵਾਲੇ ਪ੍ਰਾਡਕਟ ਵਰਤੋ ਅਤੇ ਉਨ੍ਹਾਂ ਨੂੰ ਪ੍ਰਾਡਕਟਾਂ, ਸਾਜ਼ ਸਾਮਾਨ ਅਤੇ ਤੁੜਵਾਈ ਵਾਲੇ ਕੰਟੇਨਰਾਂ ਨਾਲੋਂ ਵੱਖਰੇ ਸਟੋਰ ਕਰੋ। ਸਾਰੇ ਕੰਟੇਨਰਾਂ ਅਤੇ ਕੋਈ ਵੀ ਸਾਜ਼ ਸਾਮਾਨ ਜੋ ਤੁੜਵਾਈ ਲਈ ਵਰਤਿਆ ਜਾਂਦਾ ਹੋਵੇ, ਉਥੇ ਸਟੋਰ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਪ੍ਰਦੂਸ਼ਣ ਦਾ ਖਤਰਾ ਘੱਟ ਤੋਂ ਘੱਟ ਹੋਵੇ।

## ਮਸ਼ੀਨ ਨਾਲ ਤੁੜਾਈ

ਤੁੜਵਾਈ ਵਾਲੇ ਸਾਜ਼ ਸਾਮਾਨ ਦੀ ਸਹੀ ਸਫਾਈ ਅਤੇ ਸਾਂਭ ਸੰਭਾਲ ਵਾਸਤੇ ਨਿਰਮਾਤਾ ਦੀਆਂ ਹਿਦਾਇਤਾਂ ਵੇਖੋ। ਤੁੜਵਾਈ ਵਾਲੀ ਮਸ਼ੀਨ 'ਤੇ ਕੋਈ ਵੀ ਅਜਿਹੀ ਚੀਜ਼ ਨਾ ਵਰਤੋ ਜਿਹੜੀ ਬੇਰੀਆਂ ਨੂੰ ਪ੍ਰਦੂਸ਼ਤ ਕਰ ਸਕਦੀ ਹੋਵੇ। ਕੇਵਲ ਖਾਧ ਪਦਾਰਥਾਂ ਦੇ ਗਰੇਡ ਵਾਲੇ ਲੁਬਰੀਕੈਂਟ ਹੀ ਵਰਤੋ ਅਤੇ ਯਕੀਨੀ ਬਣਾਉ ਕਿ ਹਰੇਕ ਸ਼ੀਸ਼ਾ ਟੁੱਟਣ ਰਹਿਤ ਹੋਵੇ ਜਾਂ ਸੁਰੱਖਿਅਤ ਕੀਤਾ ਗਿਆ ਹੋਵੇ।



## ਤੁੜਵਾਈ ਵਾਲੇ ਕੰਟੇਨਰ

ਤੁੜਵਾਈ ਵਾਲੇ ਕੰਟੇਨਰ ਜ਼ਮੀਨ ਤੋਂ ਉਤਾਂਹ ਸਟੋਰ ਕੀਤੇ ਜਾਣੇ ਚਾਹੀਦੇ ਹਨ ਅਤੇ ਉਹ ਫਲ ਢੋਣ ਤੋਂ ਇਲਾਵਾ ਹੋਰ ਕਿਸੇ ਕੰਮ ਵਾਸਤੇ ਨਹੀਂ ਵਰਤੇ ਜਾਣੇ ਚਾਹੀਦੇ। ਮਿੱਟੀ ਨਾਲ ਲਿੱਬੜੇ ਢੋਲਾਂ ਨੂੰ ਇਕ ਦੂਜੇ ਦੇ ਉੱਪਰ ਨਾ ਟਿਕਾਉ ਜੇਕਰ ਢੋਲ ਦਾ ਥੱਲਾ ਮਿੱਟੀ ਨਾਲ ਲੱਗਿਆ ਹੋਇਆ ਹੋਵੇ।



## ਸਰੀਰਕ ਆਰੋਗਤਾ ਸਹੂਲਤਾਂ

ਤੋੜਨ ਵਾਲੇ ਪਿੱਕਰਾਂ ਨੂੰ ਸਹੀ ਸਫਾਈ, ਆਰੋਗਤਾ ਵਾਲੀਆਂ ਸਹੂਲਤਾਂ ਪ੍ਰਦਾਨ ਕਰਨਾਂ ਕਾਸ਼ਤਕਾਰਾਂ ਦੀ ਜ਼ਿੰਮੇਵਾਰੀ ਹੈ।
ਹੱਥ ਧੋਣ ਵਾਲੇ ਸਹੀ ਯੂਨਿਟਾਂ 'ਚ ਸ਼ਾਮਲ ਹੈ:

- ਸਾਫ ਪਾਣੀ
- ਤਰਲ ਸਾਬਣ ਵਾਲਾ ਡਿਸਪੈਂਸਰ
- ਪਾਣੀ ਵਾਲਾ ਦੌਰਾ
- ਇਕ ਇਕ ਨਿਕਲਣ ਵਾਲੇ ਪੇਪਰ ਟਾਵਲ
- ਪੇਪਰ ਟਾਵਲ ਕੱਢਣ ਵਾਲਾ ਡਿਸਪੈਂਸਰ
- ਗਾਰਬੇਜ ਕੈਨ

ਹੱਥ ਧੋਣ ਵਾਲੇ ਯੂਨਿਟਾਂ ਦੇ ਟਾਇਲਟਾਂ ਤੋਂ ਬਾਹਰ ਹੋਣ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ।

ਟਾਇਲਟਾਂ ਵਰਕਰਾਂ ਦੀ ਸੌਖ ਅਤੇ ਪ੍ਰਾਡਕਟ, ਪੈਕੇਜਿੰਗ, ਸਾਜ਼ ਸਾਮਾਨ, ਕਾਸ਼ਤ ਵਾਲੀ ਥਾਂ ਅਤੇ ਪਾਣੀ ਦੇ ਭੰਡਾਰਾਂ ਦੇ ਪ੍ਰਦੂਸ਼ਤ ਹੋਣ ਤੋਂ ਰੋਕਥਾਮ ਵਾਸਤੇ ਰੱਖੀਆਂ ਜਾਣੀਆਂ ਚਾਹੀਦੀਆਂ ਹਨ। ਟਾਇਲਟਾਂ ਤੇ ਹੱਥ ਧੋਣ ਵਾਲੀਆਂ ਸਹੂਲਤਾਂ ਤੱਕ ਸੀਮਤ ਪਹੁੰਚ ਵਰਕਰਾਂ ਅਤੇ ਮਿਲਣ ਆਉਂਣ ਵਾਲਿਆਂ ਵੱਲੋਂ ਉਨ੍ਹਾਂ ਦੀ ਵਰਤੋਂ ਕਰਨ ਤੋਂ ਹੋੜਦੀ ਹੋ ਸਕਦੀ ਹੈ ਅਤੇ ਇਸ ਤਰ੍ਹਾਂ ਖਾਧ ਪਦਾਰਥਾਂ ਅਤੇ ਖਾਧ ਪਦਾਰਥਾਂ ਦੇ ਸੰਪਰਕ 'ਚ ਆਉਂਣ ਵਾਲੇ ਤਲਾਂ ਨੂੰ ਰੋਗ ਫੈਲਾਊ ਜੀਵਾਣੂਆਂ ਨਾਲ ਪ੍ਰਦੂਸ਼ਤ ਕਰਨ ਤੱਕ ਲਿਜਾ ਸਕਦੀ ਹੈ। ਪ੍ਰਤਿ 20 ਵਰਕਰ, ਘੱਟੋ ਘੱਟ ਇਕ ਟਾਇਲਟ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਟਾਇਲਟਾਂ ਅਤੇ ਹੱਥ ਧੋਣ ਵਾਲੇ ਯੂਨਿਟਾਂ ਦੀ ਜ਼ਰੂਰੀ ਤੌਰ 'ਤੇ ਸਰਵਿਸ ਅਤੇ ਬਾਕਾਇਦਾ ਸਫਾਈ ਹੋਣੀ ਚਾਹੀਦੀ ਹੈ।

**ਵਰਕਰ ਸਿਖਲਾਈ**

ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿ ਸਾਰੇ ਵਰਕਰਾਂ ਨੂੰ ਆਰੋਗਤਾ ਨਿਯਮਾਂ ਅਤੇ ਤੁੜਵਾਈ ਦੇ ਅਮਲਾਂ ਦੀ ਬਾਕਾਇਦਾ ਸਿਖਲਾਈ ਦਿੱਤੀ ਜਾਵੇ। ਹਰੇਕ ਫਾਰਮ 'ਤੇ ਘੱਟੋ ਘੱਟ ਇਕ ਵਿਅਕਤੀ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਕੰਮ ਕਰਨ ਵਾਲਿਆਂ ਦੇ ਆਰੋਗਤਾ ਨਿਯਮਾਂ ਅਤੇ ਤੁੜਵਾਈ ਦੇ ਅਮਲਾਂ ਦੀ ਸਿਖਲਾਈ ਅਤੇ ਨਿਗਰਾਨੀ ਬਾਰੇ ਜ਼ਿੰਮੇਵਾਰ ਹੋਵੇ। ਸਾਰੇ ਵਰਕਰਾਂ ਨੂੰ ਹਰੇਕ ਸਾਲ ਸੀਜ਼ਨ ਦੇ ਸ਼ੁਰੂ 'ਚ ਸਿਖਲਾਈ ਪ੍ਰਦਾਨ ਕੀਤੀ ਜਾਵੇ। ਇਸ ਤੋਂ ਇਲਾਵਾ, ਨਵੇਂ ਕਰਮਚਾਰੀਆਂ ਅਤੇ ਤੁੜਵਾਈ ਦੇ ਤਰੀਕੇ, ਜਿਸ ਤਰ੍ਹਾਂ ਚਾਹੀਦੇ ਹਨ, ਉਵੇਂ ਲਾਗੂ ਕਰਨ ਲਈ, ਸਿਖਲਾਈ ਪ੍ਰਦਾਨ ਕੀਤੀ ਜਾਵੇ। ਸਾਰੀਆਂ ਸਿਖਲਾਈ ਕਾਰਵਾਈਆਂ ਦੇ ਰਿਕਾਰਡ ਰੱਖੇ ਜਾਣ।

ਤੋੜਨ ਵਾਲੇ ਪਿੱਕਰਾਂ ਦੀ ਸਿਖਲਾਈ 'ਚ ਘੱਟੋ ਘੱਟ ਇਹ ਕੁਝ ਸ਼ਾਮਲ ਹੋਣਾ ਚਾਹੀਦਾ ਹੈ:

- ਕਰਮਚਾਰੀਆਂ ਦੀ ਆਹੁਰ, ਬੀਮਾਰੀ ਅਤੇ ਸੱਟ ਬਾਰੇ ਪਾਲਿਸੀਆਂ
- ਹੱਥ ਧੋਣ ਦੇ ਢੰਗ ਤਰੀਕੇ
- ਜੇਕਰ ਲਾਗੂ ਹੋਵੇ ਤਾਂ ਦਸਤਾਨਿਆਂ ਦੀ ਸਹੀ ਵਰਤੋਂ
- ਤੁੜਵਾਈ ਦੇ ਚੰਗੇ ਅਮਲ (ਪ੍ਰਦੂਸ਼ਤ ਹੋਈਆਂ ਬੇਰੀਆਂ ਨੂੰ ਕੱਢ ਸੁੱਟਣਾ, ਆਦਿ)
- ਟਾਇਲਟ ਸਹੂਲਤਾਂ ਦੀ ਵਰਤੋਂ
- ਤੁੜਵਾਈ ਵਾਲੇ ਖੇਤਰਾਂ 'ਚ ਖਾਣ, ਪੀਣ, ਸਿਗਰਟਨੋਸ਼ੀ ਆਦਿ 'ਤੇ ਪਾਬੰਦੀਆਂ
- ਫੋਕਟ ਪਦਾਰਥਾਂ ਨੂੰ ਸਹੀ ਢੰਗ ਨਾਲ ਟਿਕਾਣੇ ਲਾਉਂਣਾ
- ਨਿੱਜੀ ਵਸਤਾਂ ਨੂੰ ਸਟੋਰ ਕਰਨਾਂ (ਬੇਰੀ ਨਾਲ ਸੰਪਰਕ 'ਚ ਆਉਂਣ ਵਾਲੇ ਤਲਾਂ ਤੋਂ ਪਰ੍ਹੇ)

ਜਦੋਂ ਫਲ ਤੋੜ ਲਿਆ ਜਾਂਦਾ ਹੈ ਤਾਂ ਤੋੜੇ ਹੋਏ ਫਲ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਂਣ ਲਈ ਢੁੱਕਵੇਂ ਕਦਮ ਚੁੱਕੇ ਜਾਣੇ ਚਾਹੀਦੇ ਹਨ। ਬੇਰੀਆਂ ਕਿਸੇ ਠੰਡੀ ਥਾਂ 'ਤੇ ਢੱਕ ਕੇ ਰੱਖੀਆਂ ਅਤੇ ਜਿੰਨੀ ਜਲਦੀ ਸੰਭਵ ਹੋ ਸਕੇ ਪ੍ਰਾਸੈੱਸ ਕਰਨ ਵਾਲੇ/ਪੈਕ ਕਰਨ ਵਾਲੇ ਤੱਕ ਪੁਚਾਈਆਂ ਜਾਣੀਆਂ ਚਾਹੀਦੀਆਂ ਹਨ।

**ਰਿਕਾਰਡ ਜੋ ਰੱਖਣੇ ਹਨ (ਅੰਗਰੇਜ਼ੀ 'ਚ)**

- ਕਰਮਚਾਰੀਆਂ ਦੀ ਅਰੋਗਤਾ ਅਤੇ ਬੇਰੀ ਸਾਂਭਣ ਸੰਭਾਲਣ ਦੇ ਅਮਲਾਂ ਦੀ ਸਿਖਲਾਈ ਦਾ ਰੋਜ਼ਨਾਮਚਾ
- ਸਾਜ਼ ਸਾਮਾਨ ਸਾਫ ਕਰਨ ਦੇ ਰਿਕਾਰਡ
- ਟਾਇਲਟ ਅਤੇ ਹੱਥ ਧੋਣ ਵਾਲੇ ਸਟੇਸ਼ਨ ਦੀ ਸਫਾਈ ਦੇ ਰਿਕਾਰਡ
- ਤੁੜਵਾਈ ਦੀ ਰਿਕਾਰਡ ਸ਼ੀਟ
- ਟ੍ਰਾਂਸਪੋਰਟ ਰਿਕਾਰਡ ਸ਼ੀਟ

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਬੀ ਸੀ ਬਲੂਬੇਰੀ ਕੌਂਸਲ ਨਾਲ 604-864-2117 'ਤੇ ਸੰਪਰਕ ਕਰੋ।